# ਜੇ ਤੁਸੀਂ, ਜਾਂ ਤੁਹਾਡਾ ਕੋਈ ਜਾਣਕਾਰ ਕਿਸੇ ਨਫ਼ਰਤੀ ਅਪਰਾਧ ਤੋਂ ਪੀੜਤ ਹੈ, ਤਾਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਆਪਣੇ ਸਥਾਨਕ ਕਨੂੰਨ ਲਾਗੂ ਕਰਨ ਵਾਲੇ ਵਿਭਾਗ ਨਾਲ ਤੁਰੰਤ ਸੰਪਰਕ ਕਰੋ
- ਡਾਕਟਰੀ ਧਿਆਨ ਪ੍ਰਾਪਤ ਕਰੋ (ਜੇ ਤੁਹਾਨੂੰ ਇਸਦੀ ਲੋੜ ਹੈ)
- ਇੰਨ-ਬਿੰਨ ਉਹ ਸ਼ਬਦ ਲਿਖ ਲਓ ਜੋ ਕਹੇ ਗਏ ਸਨ
- ਕਿਸੇ ਹੋਰ ਤੱਥਾਂ ਬਾਰੇ ਨੋਟ-ਕਥਨ ਬਣਾਓ
- ਸਾਰੇ ਸਬੂਤ ਸਾਂਭ ਕੇ ਰੱਖੋ। ਜੇ ਸੁਰੱਖਿਅਤ ਹੋਵੇ, ਤਾਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰਿਆਂ ਦੇ ਪਹੁੰਚਣ ਤੱਕ ਉਡੀਕ ਕਰੋ ਅਤੇ ਫ਼ੋਟੋਆਂ ਲਓ
- ਹੋਰ ਪੀੜਤਾਂ ਅਤੇ ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰੋ
- ਕਿਸੇ ਚਸ਼ਮਦੀਦ ਗਵਾਹਾਂ ਕੋਲੋਂ ਅਪਰਾਧੀ ਦੇ ਹੁਲੀਏ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰੋ
- ਆਪਣੇ ਇਲਾਕੇ ਵਿਚਲੇ ਭਾਈਚਾਰਕ ਸੰਗਠਨਾਂ ਨਾਲ ਸੰਪਰਕ ਕਰੋ ਜੋ ਨਫ਼ਰਤੀ ਅਪਰਾਧਾਂ ਦਾ ਜਵਾਬ ਦਿੰਦੇ ਹਨ

*ਜੇ ਤੁਹਾਨੂੰ ਤੁਰੰਤ ਧਿਆਨ ਦੀ ਲੋੜ ਹੈ ਤਾਂ 911 ਨੂੰ ਸੰਪਰਕ ਕਰੋ ਜਾਂ ਕਿਸੇ ਸਥਾਨਕ ਹਸਪਤਾਲ ਵਿਖੇ ਜਾਓ। ਕੋਈ ਰਿਪੋਰਟ ਦਾਇਰ ਕਰਨ ਲਈ, ਆਪਣੇ ਸਥਾਨਕ ਕਨੂੰਨ ਲਾਗੂ ਕਰਨ ਵਾਲੇ ਅਦਾਰੇ ਨਾਲ ਤੁਰੰਤ ਸੰਪਰਕ ਕਰੋ। ਜੇ ਤੁਹਾਨੂੰ ਵਧੀਕ ਜਾਣਕਾਰੀ ਦੀ ਲੋੜ ਹੈ, ਤਾਂ ਕੈਲੀਫੋਰਨੀਆ ਅਟਾਰਨੀ ਜਨਰਲ ਦੇ ਦਫਤਰ ਦੀ ਵਿਕਟਿਮਜ਼ ਸਰਵਿਸਜ਼ ਯੂਨਿਟ ਨਾਲ ਸੰਪਰਕ ਕਰੋ।*

**(877) 433-9069     oag.ca.gov/VictimServices**